**Parents/Relatives Resource Centre**
**ਮਾਪਿਆਂ/ਰਿਸ਼ਤੇਦਾਰਾਂ ਲਈ ਸੰਸਾਧਨ ਕੇਂਦਰ**

**Service Objectives**
At present, there are a total of 19 subvented Parents / Relatives Resource Centres (PRCs), five of which have been set up with specialised ethnic minority (EM) units. Its objective is to provide community support for the parents and relatives / carers of persons with disabilities. With assistance from staff of the centre, parents and relatives / carers would learn how to take care of their family members with disabilities or with difficulties on upbringing, exchange experience and establish mutual support. The service would help parents or other family members / relatives / carers to accept their family members with disabilities or with difficulties on upbringing, strengthen the function of family and help parents and relatives / carers to cope with the difficulties and pressure in taking care of their family members with disabilities or with difficulties on upbringing.

PRCs with specialised EM units[1] will also provide tailored services for EM service users in view of their language barrier and cultural difference to facilitate and encourage their use of community services to meet their needs and to promote social inclusion.

**ਸੇਵਾ ਦੇ ਟੀਚੇ**
ਮੌਜੂਦਾ ਸਮੇਂ, ਸਹਾਇਤਾ ਦਿੱਤੇ ਜਾਂਦੇ, ਕੁੱਲ 19 ਮਾਪਿਆਂ/ਰਿਸ਼ਤੇਦਾਰਾਂ ਲਈ ਸੰਸਾਧਨ ਕੇਂਦਰ PRCs ਹਨ, ਜਿਨ੍ਹਾਂ ਵਿੱਚੋਂ ਪੰਜ, ਮਹਾਰਾਨਾ ਨਸਲੀ ਘੱਟ ਗਿਣਤੀ EM ਯੂਨਿਟਾਂ ਦੇ ਨਾਲ ਸਥਾਪਤ ਕੀਤੇ ਗਏ ਹਨ। ਇਸਦਾ ਉਦੇਸ਼ ਅਪੰਗ ਵਿਅਕਤੀਆਂ ਦੇ ਮਾਪਿਆਂ/ਦੇਖਭਾਲ ਕਰਤਾਵਾਂ ਨੂੰ ਭਾਈਚਾਰਕ ਸਹਾਇਤਾ ਪ੍ਰਦਾਨ ਕਰਨਾ ਹੈ। ਕੇਂਦਰ ਦੇ ਅਮਲੇ ਤੋਂ ਪ੍ਰਾਪਤ ਸਹਾਇਤਾ ਦੇ ਨਾਲ ਮਾਪੇ/ਦੇਖਭਾਲ ਕਰਤਾ ਇਹ ਸਿੱਖਣਗੇ ਕਿ ਉਨ੍ਹਾਂ ਦੇ ਪਰਿਵਾਰ ਦੇ ਅਪੰਗ ਜਾਂ ਪਾਲਣ ਪੋਸ਼ਣ ਨਾਲ ਸਬੰਧਤ ਕਠਿਨਾਈਆਂ ਵਾਲੇ ਮੈਂਬਰਾਂ ਦਾ ਧਿਆਨ ਕਿਸ ਤਰ੍ਹਾਂ ਰੱਖਣਾ ਹੈ, ਆਪਣੇ ਤਜਰਬਿਆਂ ਦਾ ਵਟਾਂਦਰਾ ਕਰ ਸਕਣਗੇ ਅਤੇ ਪਰਸਪਰ ਸਹਾਇਤਾ ਨੂੰ ਸਥਾਪਤ ਕਰ ਸਕਣਗੇ। ਸੇਵਾ ਮਾਪਿਆਂ ਜਾਂ ਹੋਰ ਪਰਿਵਾਰਕ ਮੈਂਬਰਾਂ/ਰਿਸ਼ਤੇਦਾਰਾਂ/ਦੇਖਭਾਲ ਕਰਤਾਵਾਂ ਨੂੰ ਉਨ੍ਹਾਂ ਦੇ ਪਰਿਵਾਰ ਦੇ ਅਪੰਗ ਜਾਂ ਪਾਲਣ ਪੋਸ਼ਣ ਨਾਲ ਸਬੰਧਤ ਕਠਿਨਾਈਆਂ ਵਾਲੇ ਮੈਂਬਰਾਂ ਨੂੰ ਸਵੀਕਾਰ ਕਰਨ, ਪਰਿਵਾਰ ਦੇ ਸੰਚਾਲਨ ਨੂੰ ਮਜ਼ਬੂਤ ਕਰਨ ਅਤੇ ਮਾਪਿਆਂ ਅਤੇ ਰਿਸ਼ਤੇਦਾਰਾਂ/ਦੇਖਭਾਲਕਰਤਾਵਾਂ ਨੂੰ ਸਮੱਸਿਆਵਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਅਪੰਗ ਜਾਂ ਪਾਲਣ ਪੋਸ਼ਣ ਨਾਲ ਸਬੰਧਤ ਕਠਿਨਾਈਆਂ ਵਾਲੇ ਪਰਿਵਾਰਕ ਮੈਂਬਰਾਂ ਦਾ ਧਿਆਨ ਰੱਖਣ ਦੇ ਦਬਾਓ ਦਾ ਸਾਹਮਣਾ ਕਰਨ ਵਿਚ ਮਦਦ ਕਰੇਗੀ।

ਮਾਹਰਾਨਾ EM ਯੂਨਿਟਾਂ1 ਵਾਲੇ PRCs, EM ਸੇਵਾ ਦੇ ਵਰਤੋਂਕਾਰਾਂ ਲਈ ਉਨ੍ਹਾਂ ਦੀਆਂ ਭਾਸ਼ਾਈ ਰੁਕਾਵਟਾਂ ਅਤੇ

[1] EM service users not living in the districts served by PRCs with specialised EM units may still make use of the services of those PRCs if so preferred. Or they may choose to use the PRC with specialised EM units in the nearby districts. Regardless of the provision of specialised EM units, all PRCs shall provide non-discriminatory services for EM service users.

[1] ਮਹਾਰਾਨਾ EM ਯੂਨਿਟਸ ਵਾਲੇ PRCs ਦੁਆਰਾ ਸੇਵਾ ਪ੍ਰਦਾਨ ਕੀਤੇ ਜਾਂਦੇ ਜ਼ਿਲ੍ਹਿਆਂ ਵਿਚ ਨਾ ਰਹਿਣ ਵਾਲੇ EM ਸੇਵਾ ਦੇ ਵਰਤੋਂਕਾਰ, ਜੇ ਚਾਹੁੰਣ ਤਾਂ ਉਹ ਉਨ੍ਹਾਂ PRC ਦੀਆਂ ਸੇਵਾਵਾਂ ਦੀ ਤਾਂ ਵੀ ਵਰਤੋਂ ਕਰ ਸਕਦੇ ਹਨ। ਜਾਂ ਉਹ ਨਜ਼ਦੀਕੀ ਜ਼ਿਲ੍ਹਿਆਂ ਵਿਚਲੇ ਮਹਾਰਾਨਾ EM ਯੂਨਿਟਾਂ ਵਾਲੇ PRC ਦੀ ਵਰਤੋਂ ਕਰਨੀ ਚੁਣ ਸਕਦੇ ਹਨ। ਮਹਾਰਾਨਾ EM ਯੂਨਿਟਾਂ ਦੇ ਪ੍ਰਾਵਧਾਨ ਦੇ ਸੰਦਰਭ ਦੇ ਬਿਨਾਂ, ਸਾਰੇ PRCs ਨੂੰ EM ਸੇਵਾ ਦੇ ਵਰਤੋਂਕਾਰਾਂ ਨੂੰ ਗੈਰ-ਵਿਤਕਰਾਕਾਰੀ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

ਸਭਿਆਚਾਰਕ ਵੱਖਰੇਵਿਆਂ ਦੇ ਸੰਦਰਭ ਵਿਚ ਅਨੁਕੂਲਣ ਕੀਤੀਆਂ ਸੇਵਾਵਾਂ ਵੀ ਪ੍ਰਦਾਨ ਕਰੇਗਾ ਤਾਂ ਜੋ ਭਾਈਚਾਰਕ ਸੇਵਾਵਾਂ ਦੀ ਵਰਤੋਂ ਨੂੰ ਸੁਵਿਧਾਜਨਕ ਬਣਾਇਆ ਜਾ ਸਕੇ ਅਤੇ ਇਸਨੂੰ ਉਤਸ਼ਾਹਤ ਕੀਤਾ ਜਾ ਸਕੇ ਤਾਂ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਸਮਾਜਕ ਸਮਾਵੇਸ਼ ਨੂੰ ਪ੍ਰੋਤਸਾਹਤ ਕੀਤਾ ਜਾ ਸਕੇ।

**Target Group**
Parents, relatives and carers of persons with disabilities

**ਟੀਚਾਬੱਧ ਸਮੂਹ**
ਅਪੰਗਤਾਵਾਂ ਵਾਲੇ ਵਿਅਕਤੀਆਂ ਦੇ ਮਾਪੇ, ਰਿਸ਼ਤੇਦਾਰ ਅਤੇ ਦੇਖਭਾਲਕਰਤਾ

**Nature of Service**
The services include:
- Support services such as individual, group and mass activities;
- Resource materials; and
- Community education programmes

**ਸੇਵਾ ਦੀ ਕਿਸਮ**
ਸੇਵਾਵਾਂ ਵਿਚ ਸ਼ਾਮਲ ਹਨ:
- ਸਹਾਇਤਾ ਸੇਵਾਵਾਂ ਜਿਵੇਂ ਕਿ ਵਿਅਕਤੀਗਤ, ਸਮੂਹਿਕ ਅਤੇ ਵੱਡੇ ਸਮੂਹਾਂ ਵਾਲੀਆਂ ਗਤੀਵਿਧੀਆਂ;
- ਸੰਸਾਧਨ ਸਮੱਗਰੀਆਂ; ਅਤੇ
- ਭਾਈਚਾਰਕ ਸਿੱਖਿਆ ਪ੍ਰੋਗਰਾਮ

**Application Procedure**
Application can be made directly to the service units. The application is free of charge.

**ਅਰਜ਼ੀ ਦੀ ਪ੍ਰਕ੍ਰਿਆ**
ਅਰਜ਼ੀ ਸਿੱਧੇ ਸਰਵਿਸ ਯੂਨਿਟਸ ਨੂੰ ਦਿੱਤੀ ਜਾ ਸਕਦੀ ਹੈ। ਇਹ ਅਰਜ਼ੀ ਮੁਫ਼ਤ ਹੈ।

Social Welfare Department
Rehabilitation and Medical Social Services Branch
May 2020

ਸਮਾਜਕ ਭਲਾਈ ਵਿਭਾਗ
ਮੁੜ-ਵਸੇਬਾ ਅਤੇ ਮੈਡੀਕਲ ਸੋਸ਼ਲ ਸਰਵਿਸਜ਼ ਬ੍ਰਾਂਚ
ਮਈ 2020